# ਉਮਰ ਅਤੇ ਤਜ਼ਰਬਾ

**ਸਕਾਟਲੈਂਟ ਦੀ ਬਜ਼ੁਰਗ ਅਬਾਦੀ ਵਾਸਤੇ ਨੀਤੀ ਦਾ ਵਿਕਾਸ ਕਰ ਰਹੇਂ ਹਾਂ**

ਪੰਜਾਬੀ

PUNJABI

## ਬਜ਼ੁਰਗ ਲੋਕਾਂ ਵਾਸਤੇ ਘਰ ਸੰਬੰਧੀ ਸਮਾਚਾਰ ਪੱਤਰ

ਇਹ ਸਮਾਚਾਰ–ਪੱਤਰ ਕੈਨਟੋਨੀਜ਼, ਅੰਗਰੇਜ਼ੀ, ਹਿੰਦੀ ਅਤੇ ਉਰਦੂ ਭਾਸ਼ਾਵਾਂ ਵਿਚ ਵੀ ਉਪਲਬਧ ਹੈ

ਜੁਲਾਈ 2006

## ਅੰਦਰ....


ਏਜਿੰਗ ਪੋਪਯੂਲੇਸ਼ਨ ਸਰਵੇ

"ਹੈਪੀ ਟੂ ਟ੍ਰਾਂਸਲੇਟ" ਪਾਇਲਟ

ਜੌਬ ਔਪਰਚਯੂਨਿਟੀਜ਼ ਪ੍ਰਾਜੈਕਟ

ਡੰਡੀ ਜੌਬ ਫੇਅਰ

ਈਜ਼ੀ ਗਾਈਡ ਟੂ ਪੈਂਸ਼ਨ ਐਂਡ ਬੈਨਿਫ਼ਿੱਟ


## ਉਮਰ ਅਤੇ ਤਜ਼ਰਬਾ

ਸਕਾਟਲੈਂਡ ਵਿਚ ਬਜ਼ੁਰਗ ਅਬਾਦੀ ਵਾਸਤੇ ਸਕਾਟਿਸ਼ ਐਗਜ਼ੈਕਟਿਵ ਇੱਕ ਨੀਤੀ ਉੱਤੇ ਕੰਮ ਕਰ ਰਹੀ ਹੈ । ਅਬਾਦੀ ਦੀ ਉਮਰ ਦਾ ਢਾਂਚਾ ਬਦਲ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਸਕਾਟਲੈਂਡ ਵਿਚ ਹੋਰ ਵੀ ਬਜ਼ੁਰਗ ਲੋਕ ਹੋਣਗੇ । ਬਜ਼ੁਰਗ ਅਬਾਦੀ ਦੀਆਂ ਮੁਸ਼ਕਲਾਂ ਨੂੰ ਵੇਖਦੇ ਹੋਏ, ਸਕਾਟਿਸ਼ ਐਗਜ਼ੈਕਟਿਵ ਨੇ ਬਜ਼ੁਰਗ ਲੋਕਾਂ ਨੂੰ ਸੇਵਾਵਾਂ ਉੱਤੇ ਵੱਧਦਾ ਬੋਝ ਸਮਝਿਆ ਜਾਣ ਦੇ ਬਜਾਏ, ਉਨ੍ਹਾਂ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਸਕਰਾਤਮਕ ਸਹਿਯੋਗ ਦੀ ਵਿਸ਼ੇਸ਼ਤਾ ਦਾ ਪ੍ਰਕਟਾਵਾ ਕਰਨਾ ਸ਼ੁਰੂ ਕੀਤਾ ਹੈ ।

ਇਸ ਨੀਤੀ ਦਾ ਉਦੇਸ਼, ਬਜ਼ੁਰਗ ਲੋਕਾਂ ਲਈ ਮੌਕਿਆਂ ਦੀ ਪਹੁੰਚ ਲਈ, ਇੱਕ ਲੰਮੇ ਸਮੇਂ ਵਾਸਤੇ ਢਾਂਚਾ ਪ੍ਰਦਾਨ ਕਰਨਾ ਹੈ । ਤਾਂ ਜੋ ਮੌਕਿਆਂ ਦੀਆਂ ਰੁਕਾਵਟਾਂ ਨੂੰ ਹਟਾ ਕੇ ਬਜ਼ੁਰਗ ਲੋਕ ਆਪਣਾ ਸਹਿਯੋਗ ਦੇਣਾ ਜਾਰੀ ਰੱਖ ਸਕਨ।

ਇਹ ਨਿਸਚਿਤ ਕਰਨ ਵਾਸਤੇ ਕਿ ਸਾਰੇ ਭਾਈਚਾਰਿਆਂ ਦੇ ਵਿਚਾਰ ਸੁਣੇ ਜਾਂਦੇ ਹਨ, ਇੱਕ ਸਲਾਹ ਦੀ ਪ੍ਰਕ੍ਰਿਆ ਜਿਸ ਵਿਚ ਐਸੋਸਿਏਸ਼ਨ ਦਾ ਈਕਵਲ ਔਪਰਚਯੂਨਿਟੀ ਪ੍ਰੋਗਰਾਮ ਸ਼ਾਮਲ ਸੀ, ਤਿਆਰ ਕੀਤਾ ਗਿਆ ਤਾਂ ਜੋ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰੇ ਦੇ ਲੋਕਾਂ ਅਤੇ ਸੰਸਥਾਵਾਂ ਦੇ ਨੀਤੀ ਤੇ ਵਿਚਾਰ ਪਤਾ ਕੀਤੇ ਜਾ ਸਕਨ ।

ਉਨ੍ਹਾਂ ਦਾ ਬਹੁਤ ਧੰਨਵਾਦ ਹੈ ਜਿਨ੍ਹਾਂ ਨੇ ਸਲਾਹ ਦੀ ਇਸ ਪ੍ਰਕ੍ਰਿਆ ਵਿਚ ਹਿੱਸਾ ਲਿਆ ।

ਇਹ ਨੀਤੀ ਇਸ ਸਾਲ ਦੇ ਅਖੀਰ ਵਿਚ ਸ਼ੁਰੂ ਕੀਤੀ ਜਾਵੇਗੀ ਅਤੇ ਇਸ ਦੇ ਵਿਕਾਸ ਬਾਰੇ ਅਸੀਂ ਤੁਹਾਨੂੰ ਤਿਆਰ–ਬਰ–ਤਿਆਰ ਖ਼ਬਰ ਦਿੰਦੇ ਰਹਾਂਗੇ । ਇਸ ਨੀਤੀ ਬਾਰੇ ਜ਼ਿਆਦਾ ਜਾਣਕਾਰੀ ਵਾਸਤੇ ਕਿਰਪਾ ਕਰ ਜੈਸ ਬਾਰੋ ਨੂੰ ਇਸ ਨੰਬਰ 0131 244 0718 ਤੇ ਫ਼ੋਨ ਕਰੋ ।

## ਈਕਵਲ ਔਪਰਚਯੂਨਿਟੀਜ਼ ਟੀਮ ਦੀ ਪਛਾਣ ਕਰਨਾ

ਖੱਬੇ ਤੋਂ ਸੱਜੇ –

**ਨਸਰੀਨ ਅਮਜਦ** (ਜੌਬ ਔਪਰਚਯੂਨਿਟੀਜ਼ ਡਿਵੈਲਪਮੈਂਟ ਮੈਨੇਜਰ), **ਜ਼ਾਕਰਾ ਅਲੀ** (ਐਡਮਿਨ ਅਸਿਸਟੈਂਟ), **ਰੋਹਿਣੀ ਸ਼ਰਮਾ ਜੋਸ਼ੀ** (ਹਾਊਜ਼ਿੰਗ ਈਕਵਲ ਔਪਰਚਯੂਨਿਟੀਜ਼ ਮੈਨੇਜਰ), **ਆਇਸ਼ਾ ਨਦੀਮ** (ਪੈਂਸ਼ਨ ਬੈਨਿਫ਼ਿੱਟ ਆਊਟਰੀਚ ਵਰਕਰ) ਅਤੇ ਟਾਮੀਕੋ ਮੈਕੀ (ਹੈਪੀ ਟੂ ਟ੍ਰਾਂਸਲੇਟ ਡਿਵੈਲਪਮੈਂਟ ਆਫ਼ਿਸਰ)



Trust Housing Association Ltd

HANOVER SCOTLAND

BIELD INDEPENDENCE FOR OLDER PEOPLE

# ਅਸੀਂ ਇੱਥੇ ਤੁਹਾਨੂੰ “ਖੁਸ਼” ਕਰਨਾ ਵਾਸਤੇ ਹਾਂ!

HAPPY TO TRANSLATE

ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜਿਸ ਨੂੰ ਅੰਗ੍ਰੇਜ਼ੀ ਵਿਚ ਗਲਬਾਤ ਕਰਨ ਵਿਚ ਮੁਸ਼ਕਲ ਹੋਵੇ? ਕੀ ਇਸ ਕਾਰਣ, ਉਨ੍ਹਾਂ ਨੂੰ ਲੋੜੀਂਦੀ ਜਾਣਕਾਰੀ ਜਾਂ ਸੇਵਾਵਾਂ ਪ੍ਰਾਪਤ ਕਰਨ ਵਿਚ ਮੁਸ਼ਕਲ ਹੈ? ਹੋ ਸਕਦਾ ਹੈ ਕਿ ਉਹ ਪਰਿਵਾਰ ਜਾਂ ਦੋਸਤਾਂ ਦੁਆਰਾ ਗਲਬਾਤ ਕਰਨ ਦੇ ਸੰਬੰਦ ਵਿਚ ਨਿਰਭਰ ਨਾ ਹੋਣਾ ਚਾਹੁਣ । ਜੇਕਰ ਅਜਿਹਾ ਹੈ ਤਾਂ ਹੈਪੀ ਟੂ ਟ੍ਰਾਂਸਲੇਟ ਲੋਗੋ ਦਾ ਉਦੇਸ਼ ਮਦਦ ਕਰਨ ਦਾ ਹੈ ।

ਜਦੋਂ ਕੋਈ ਥੋੜੀ ਜਾਂ ਬਿਲਕੁਲ ਵੀ ਅੰਗ੍ਰੇਜ਼ੀ ਨਾ ਬੋਲਦਾ ਹੋਵੇ ਅਤੇ ਸਦੱਸ ਸੰਸਥਾਂ ਨੂੰ ਜਾਵੇ ਤਾਂ ਉਹ ਨਿਸ਼ਾਨ ਵੱਲ ਇਸ਼ਾਰਾ ਕਰ ਸਕਦੇ ਹਨ, ਤਾਂ ਜੋ ਵਿਭਾਗੀ ਕਰਮਚਾਰਿਆਂ ਨੂੰ ਪਤਾ ਲਗ ਸਕੇ ਕਿ ਉਨ੍ਹਾਂ ਨੂੰ ਭਾਸ਼ਾ ਦੇ ਸੰਬੰਧ ਵਿਚ ਮਦਦ ਦੀ ਲੋੜ ਹੈ । ਵਿਭਾਗੀ ਕਰਮਚਾਰੀ ਇੱਕ ਅਸਾਨ ਤਰੀਕੇ ਨਾਲ ਇਹ ਪਤਾ ਕਰਣਗੇ ਕਿ ਕਿਸ ਭਾਸ਼ਾ ਵਿਚ ਮਦਦ ਚਾਹੀਦੀ ਹੈ ਅਤੇ ਫ਼ਿਰ ਦਸਤਾਵੇਜ਼ ਦੇ ਗੁੱਪਤ ਅਨੁਵਾਦ ਦਾ ਜਾਂ ਹਾਜਿਰ ਕਿਸੇ ਮਾਹਿਰ ਦੁਭਾਸ਼ਿਏ ਨਾਲ ਤੁਹਾਡੀ ਮੁਲਾਕਾਤ ਦਾ ਪ੍ਰਬੰਧ ਕਰਨਗੇ ।
ਇਹ ਲੋਗੋ ਵਰਤਮਾਨ ਸਮੇਂ ਵਿਚ ਹੇਠ ਲਿਖਿਆਂ ਸੱਤ ਜਨਤਕ ਸੰਸਥਾਂਵਾਂ ਦੁਆਰਾ ਚਲਾਇਆ ਜਾ ਰਿਹਾ ਹੈ । (ਹੋਰ ਪਾਇਲਟ ਸੰਸਥਾਵਾਂ ਵਾਸਤੇ ਇਸ ਥਾਂ ਨੂੰ ਵੇਖੋ ।)

**ਨਿਸ਼ਾਨ** ਬਾਰੇ ਜ਼ਿਆਦਾ ਜਾਣਕਾਰੀ ਦੇ ਸੰਬੰਧ ਵਿਚ ਇੱਕ **ਛੋਟੀ ਪੁਸਤਕ** ਤਿਆਰ ਕੀਤੀ ਗਈ ਹੈ, ਅਤੇ **ਇਸ ਵਿੱਚ** 20 ਭਾਸ਼ਾਵਾਂ ਸ਼ਾਮਲ ਹੈ । ਇਸ ਦੀ ਇੱਕ ਮੁਫ਼ਤ ਕਾਪੀ ਲੈਣ ਵਾਸਤੇ, ਟਾਮੀਕੇ ਮੈਕੀ ਨੂੰ ਇਸ ਨੰਬਰ 0131 444 4951 ਜਾਂ tmackie@trustha.org.uk ਤੇ ਸੰਪਰਕ ਕਰੋ । ਵਿਕਲਪ ਵਜੋਂ, www.happytotranslate.com ਬੁਕਲੈਟ ਨੂੰ ਡਾਉਨਲੋਡ ਕਰੋ ।

## ਈਕਵਲ ਔਪਰਚਯੂਨਿਟੀਜ਼ ਟੀਮ ਵਿਚ ਇੱਕ ਨਵਾਂ ਚਿਹਰਾ

ਅਪ੍ਰੈਲ ਵਿਚ ਐਡਮਿਨਿਸਟ੍ਰੇਟਿਵ ਅਸਿਸਟੈਂਟ ਦੇ ਵਜੋਂ **ਜ਼ਾਕਰਾ ਅਲੀ** ਐਸੋਸਿਏਸ਼ਨਜ਼ ਈਕਵਲ ਔਪਰਚਯੂਨਿਟੀਜ਼ ਟੀਮ ਵਿਚ ਸ਼ਾਮਲ ਹੋਈ ਹੈ । ਉਸ ਨੇ ਟੀਮ ਵਿਚ ਆਪਣਾ ਕੀਮਤੀ ਸਹਿਯੋਗ ਦਿੱਤਾ ਹੈ ।

www.EqualityScotland.com

# ਜੌਬ ਔਪਰਚਯੂਨਿਟੀਜ਼ ਸਪੋਰਟ ਪ੍ਰਾਜੈਕਟ

ਜੌਬ ਔਪਰਚਯੂਨਿਟੀਜ਼ ਸਪੋਰਟ ਪ੍ਰਾਜੈਕਟ, **ਕਮਿਊਨਿਟੀਜ਼ ਸਕਾਟਲੈਂਡ** ਅਤੇ **ਕੈਪਿਟਲ ਸਿਟੀ ਪਾਰਟਨਰਸ਼ਿਪ** ਵਲੋਂ ਐਡਿਨਬਰਾ ਅਤੇ ਲੋਦਿਅਨ ਵਿਚ ਕਾਲ਼ੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ (BME) ਵਾਸਤੇ ਘਰ ਅਤੇ ਜਨਤਕ ਖਤੇਰ ਵਿਚ ਰੁਜ਼ਗਾਰ ਦੇ ਮੌਕਿਆਂ ਤਕ ਪਹੁੰਚ ਵਿਚ ਸੁਧਾਰ ਦੀ ਮਦਦ ਦੇ ਉਦੇਸ਼ ਨਾਲ ਫ਼ੰਡ ਕੀਤਾ ਗਿਆ ਸੀ ।




**ਨਸਰੀਨ ਅਮਜਦ**, ਜੌਬ ਔਪਰਚਯੂਨਿਟੀਜ਼ ਡਿਵੈਲਪਮੈਂਟ ਆਫ਼ਿਸਰ, ਨੌਕਰੀ ਦੇਣਦਾਰ ਅਤੇ ਕਾਲ਼ੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਦੇ ਵਿਚਕਾਰ ਸੰਪਰਕ ਵਜੋਂ ਕੰਮ ਕਰਦੀ ਹੈ ਤਾਂ ਜੋ ਰੁਜ਼ਗਾਰ ਦੇ ਮੌਕਿਆਂ ਦੀਆਂ ਰੁਕਾਵਟਾਂ ਨੂੰ ਦੂਰ ਹੋਣ ਦੇ ਵਿਚ ਮਦਦ ਹੋ ਸਕੇ ।

ਫ਼ਰਵਰੀ ਤੋਂ ਸ਼ੁਰੂ, ਨਸਰੀਨ ਅਮਜਦ ਨੇ ਭਾਈਚਾਰਾ ਸੰਸਥਾਂਵਾਂ, ਘਰ ਅਤੇ ਜਨਤਕ ਖੇਤਰ ਦੇ ਨੌਕਰੀ ਦੇਣਦਾਰ ਅਤੇ ਉਨ੍ਹਾਂ ਵਿਅਕਤੀਆਂ, ਜਿਨ੍ਹਾਂ ਨੂੰ ਰੁਜ਼ਗਾਰ ਪ੍ਰਾਪਤ ਕਰਨ ਵਿਚ ਮਦਦ ਅਤੇ ਸਹਿਯੋਗ ਚਾਹੀਦਾ ਹੈ, ਨਾਲ ਸੰਪਰਕ ਸਥਾਪਿਤ ਕੀਤਾ ਹੈ । ਕਈਆਂ ਨੇ ਇਸ ਪ੍ਰਾਜੈਕਟ ਤੋਂ ਫ਼ਾਇਦਾ ਵੀ ਚੱਕਿਆ ਹੈ । ਰੁਜ਼ਗਾਰ ਸੰਬੰਧੀ ਕਈ ਤਰ੍ਹਾਂ ਦੇ ਰਸਤੇ ਵੀ ਦੱਸੇ ਗਏ ਹਨ । ਇਨ੍ਹਾਂ ਵਿਚ ਕਈ ਤਰ੍ਹਾਂ ਦੇ ਕੰਮ ਦੀਆਂ ਥਾਂਵਾਂ ਦੇ ਪ੍ਰਬੰਧ ਸ਼ਾਮਲ ਹਨ । ਉਨਾਂ ਵਿਅਕਤੀਆਂ ਵਾਸਤੇ ਸਥਾਨਕ ਕਾਲੇਜਾਂ ਨਾਲ ਸੰਪਰਕ ਵੀ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਨੂੰ ਆਪਣੀਆਂ ਯੋਗਤਾਵਾਂ ਵਿਚ ਸੁਧਾਰ ਦੀ ਲੋੜ ਹੈ ।

ਜੇਕਰ ਤੁਹਾਨੂੰ ਜਾਂ ਤੁਸੀਂ ਕਿਸੇ ਐਸੇ ਵਿਅਕਤੀ ਨੂੰ ਜਾਣਦੇ ਹੋ ਜਿਸ ਨੂੰ ਇਨ੍ਹਾਂ ਪ੍ਰਜੈਕਟ ਤੋਂ ਫ਼ਾਇਦਾ ਹੋ ਸਕਦਾ ਹੈ, ਤਾਂ ਕਿਰਪਾ ਕਰ ਨਸਰੀਨ ਅਮਜਦ ਨੂੰ ਇਸ ਨੰਬਰ 0131 444 4953 ਤੇ ਫ਼ੋਨ ਜਾਂ namjad@trustha.org.uk – ਮੇਲ ਕਰੋ ਜਾਂ ਸਾਡੀ ਵੈੱਬਸਾਈਟ www.EqualityScotland.com ਤੇ ਜਾਓ ।

## ਜੌਬ ਔਪਰਚਯੂਨਿਟੀਜ਼ ਫ਼ੇਅਰ–ਡੰਡੀ

ਇਸ ਸਾਲ ਸਾਲਾਨਾ ਜਲਸੇ ਵਜੋਂ SFHA ਅਤੇ CIH ਸਕਾਟਲੈਂਡ ਦੀ ਸਾਂਝੇਦਾਰੀ ਨਾਲ ਡੰਡੀ ਵਿਚ ਜੌਬ ਫ਼ੇਅਰ ਹੋਇਆ । ਇਸ ਵਿਚ ਬਹੁਤ ਲੋਕ ਸ਼ਾਮਲ ਹੋਏ ਅਤੇ ਅਸੀਂ ਆਸ ਕਰਦੇ ਹਾਂ ਕਿ ਕਈ ਲੋਕਾਂ ਨੇ ਸਿੱਧੇ ਤੌਰ ਤੇ ਸੰਭਾਵਿਤ ਨੌਕਰੀ ਦੇਣ ਵਾਲਿਆਂ ਨਾਲ ਗਲਬਾਤ ਕਰਨ ਦੇ ਮੌਕੇ ਤੋਂ ਫ਼ਾਇਦਾ ਚੱਕਿਆ ਹੋਵੇਗਾ । ਕਰਿਅਰ ਸਕਾਟਲੈਂਡ ਨੇ ਵਰਕਸ਼ਾਪ ਵੀ ਲਾਇਆਂ ਹਨ ਅਤੇ ਲੋਕਾਂ ਨੂੰ ਇੰਟਰਵਿਊ ਤਕਨੀਕ ਅਤੇ ਨੌਕਰੀ ਵਾਸਤੇ ਅਰਜ਼ੀ ਦਾ ਫ਼੍ਰਾਮ ਕਿਸ ਤਰ੍ਹਾਂ ਭਰਨਾ ਹੈ, ਦੇ ਸੰਬੰਧ ਵਿਚ ਸਲਾਹ ਵੀ ਦਿੱਤੀ ਹੈ ।

ਉਹ ਸਾਰੇ ਨੁਮਾਇਸ਼ ਕਰਨ ਵਾਲਿਆਂ ਦਾ ਧੰਨਵਾਦ ਹੈ, ਜਿਨ੍ਹਾਂ ਨੇ ਜਲਸੇ ਵਿਚ ਹਿੱਸਾ ਲਿਆ ।








# ਪੈਂਸ਼ਨ ਬੈਨਿਫ਼ਿੱਟ ਆਊਟਰੀਚ ਪ੍ਰਾਜੈਕਟ

ਇਹ ਪ੍ਰਾਜੈਕਟ ਹੁਣ 12 ਮਹੀਨਿਆਂ ਤੋਂ ਚਲ ਰਿਹਾ ਹੈ ਅਤੇ 60 ਸਾਲ ਤੋਂ ਉੱਤੇ ਦੀ ਉਮਰ ਦੇ 300 ਬਜ਼ੁਰਗ ਲੋਕਾਂ ਨੂੰ ਸਹਿਯੋਗ ਦੇਣ ਦੇ ਟੀਚੇ ਨੂੰ ਪ੍ਰਾਪਤ ਕਰ ਚੁੱਕਾ ਹੈ । 100 ਤੋਂ ਵੱਧ, ਲੋਕਾਂ ਨੂੰ ਉਨ੍ਹਾਂ ਦੇ ਫ਼ਾਇਦਿਆਂ ਦੇ ਹੱਕਾਂ ਵਿਚ ਵਧਾਵੇ ਦਾ ਫ਼ਾਇਦਾ ਹੋ ਚੁੱਕਾ ਹੈ ਅਤੇ £280,000 ਤੋਂ ਵੱਧ ਦੇ ਫ਼ਾਇਦੇ ਰਾਖਵੇਂ ਕੀਤੇ ਗਏ ਹਨ । ਇਸ ਪ੍ਰਾਜੈਕਟ ਦੇ ਕਾਰਣ ਕਈ ਬਜ਼ੁਰਗ ਲੋਕਾਂ ਨੂੰ ਇਹ ਗਿਆਨ ਪ੍ਰਾਪਤ ਹੋਇਆ ਹੈ ਕਿ ਉਹ ਕਿਸ ਫ਼ਾਇਦੇ ਦੇ ਹੱਕਦਾਰ ਹਨ ਅਤੇ ਹੋਰ ਸੇਵਾਵਾਂ ਦੀ ਪਹੁੰਚ ਕਰਨ ਵਿਚ ਭਰੋਸਾ ਆਇਆ ਹੈ ।

ਜੇਕਰ ਤੁਹਾਨੂੰ ਜਾਂ ਤੁਸੀਂ ਕਿਸੇ ਐਸੇ ਵਿਅਕਤੀ ਨੂੰ ਜਾਣਦੇ ਹੋ ਜਿਨ੍ਹਾਂ ਨੂੰ **ਇਸ** ਪ੍ਰਜੈਕਟ ਤੋਂ ਫ਼ਾਇਦਾ ਹੋ ਸਕਦਾ ਹੈ, ਤਾਂ ਕਿਰਪਾ ਕਰ ਪੈਂਸ਼ਨ ਬੈਨਿਫਿੱਟ ਆਊਟਰੀਚ ਵਰਕਰ, ਆਇਸ਼ਾ ਨਦੀਮ ਨੂੰ ਇਸ ਨੰਬਰ 0131 444 4952 ਤੇ ਜਾਂ anadeem@trustha.org.uk ਤੇ ਸੰਪਰਕ ਕਰੋ । ਸਲਾਹ ਮੁਫ਼ਤ ਹੈ ਅਤੇ ਤੁਹਾਡੀ ਆਪਣੀ ਭਾਸ਼ਾ ਵਿਚ ਉਪਲਬਧ ਕਰਾਈ ਜਾਵੇਗੀ ।




## 60+ ਤੋਂ ਜ਼ਿਆਦਾ ਦੀ ਉਮਰ ਦੇ ਲੋਕਾਂ ਆਸਤੇ ਫ਼ਾਇਦਿਆਂ ਦੀ ਆਸਾਨ ਪੁਸਤਕ

ਕਈ ਬਜ਼ੁਰਗ ਲੋਕ ਅਜੇ ਵੀ ਨਿਸਚਿਤ ਨਹੀਂ ਹਨ ਕਿ ਉਹ ਕਿਸ ਦੇ ਹੱਕਦਾਰ ਹਨ ਅਤੇ ਫ਼ਾਇਦਿਆਂ ਤੋਂ ਵਾਂਝੇ ਰਹਿ ਜਾਂਦੇ ਹਨ । ਉਨ੍ਹਾਂ ਨੇ ਚਿੰਤਾ ਦਾ ਪ੍ਰਕਟਾਵਾ ਕੀਤਾ ਹੈ ਕਿ ਇਸ ਵਿਸ਼ੇ ਦੇ ਸੰਬੰਧ ਵਿਚ ਜਾਣਕਾਰੀ ਵਿਚ ਕਮੀ ਹੈ ਅਤੇ ਜਾਣਕਾਰੀ ਉਨ੍ਹਾਂ ਦੀ ਆਪਣੀ ਭਾਈਚਾਰੇ ਦੀ ਭਾਸ਼ਾਵਾਂ ਵਿਚ ਉਪਲਬਧ ਨਹੀਂ ਹੈ । ਇਸ ਕਰਕੇ "An Easy Guide to Benefits for the 60+" ਨੂੰ ਅੰਗ੍ਰੇਜ਼ੀ ਅਤੇ 6 ਹੋਰ ਭਾਈਚਾਰੇ ਦੀਆਂ ਭਾਸ਼ਾਵਾਂ ਵਿਚ ਤਿਆਰ ਕੀਤਾ ਗਿਆ ਹੈ ਤਾਂ ਜੋ ਜਾਣਕਾਰ ਚੋਣ ਬਨਾਉਣ ਵਾਸਤੇ ਲੋੜੀਂਦੀ ਜਾਣਕਾਰੀ ਪ੍ਰਦਾਨ ਕੀਤੀ ਜਾਵੇ ।

SHOP ScottishHousingOPtions.org

## ਸ਼ਾਪ ਹਾਊਜ਼ਿੰਗ ਐਪਲੀਕੇਸ਼ਨ

ਤਿੰਨ ਹਾਊਜ਼ਿੰਗ ਐਸੋਸਿਏਸ਼ਨਾਂ, ਇੱਕ ਨੈਸ਼ਨਲ ਕਾਮਨ ਹਾਊਜ਼ਿੰਗ ਰਜਿੱਸਟਰ ਸਥਾਪਤ ਕਰਨ ਦੇ ਅੰਤਮ ਪੜਾਵਾਂ ਵਿਚ ਹਨ । ਇਸ ਰਜਿੱਸਟਰ ਨੂੰ ਸ਼ਾਪ (ਸਕਾਟਿਸ਼ ਹਾਊਜ਼ਿੰਗ ਔਪਸ਼ਨਜ਼) ਕਿਹਾ ਜਾਵੇਗਾ ਅਤੇ ਇਹ ਸਮਰ 2006 ਤੋਂ ਚਾਲੂ ਹੋਵੇਗਾ ।

ਸ਼ਾਪ ਰਜਿੱਸਟਰ ਦਾ ਅਰਥ ਹੋਵੇਗਾ ਕਿ ਇੱਕ ਸਾਂਝੀ ਅਰਜ਼ੀ ਦੇਣ ਵਾਲਿਆਂ ਦੀ ਸੂਚੀ, ਜੋ ਕਿ ਤਿੰਨੋ ਐਸੋਸਿਏਸ਼ਨਾਂ ਪਹੁੰਚ ਕਰ ਸਕਣਗੀਆਂ, ਬਜਾਏ ਇਸ ਦੇ ਕਿ ਉਨ੍ਹਾਂ ਕੋਲ ਆਪਣੀਆਂ ਵੱਖ-ਵੱਖ ਸੂਚੀਆਂ ਹੋਣ । ਅਰਜ਼ੀ ਦੇਣ ਵਾਲਿਆਂ ਵਾਸਤੇ ਇਸ ਦਾ ਅਰਥ ਹੋਵੇਗਾ ਕਿ ਇੱਕ ਅਰਜੀ ਦਾ ਫ਼੍ਰਾਮ ਹੀ ਭਰਨਾ ਪਵੇਗਾ ਚਾਹੇ ਤੁਸੀਂ ਤਿੰਨ ਐਸੋਸਿਏਸ਼ਨ ਨਾਲ ਘਰ ਸੰਬੰਧੀ ਅਰਜ਼ੀ ਦੇ ਰਹੇ ਹੋਵੋ । ਜਦੋਂ ਤਿਆਰ ਹੋ ਗਿਆ ਤਾਂ ਇਹ ਅਰਜ਼ੀ ਦਾ ਫ਼੍ਰਾਮ ਕੁੱਝ ਭਾਈਚਾਰਾ ਭਾਸ਼ਾਵਾਂ ਵਿਚ ਸਾਡੀ ਵੈੱਬਸਾਈਟ ਤੇ ਉਪਲਬਧ ਹੋਵੇਗਾ ।

# ਮੋਰਗੇਜ ਟੂ ਰੈਂਟ ਸਕੀਮ

ਜੇਕਰ ਤੁਸੀਂ ਮੋਰਗੇਜ (ਗਿਰਵੀ) ਦੇ ਸੰਬੰਧ ਵਿਚ ਮੁਸ਼ਕਲਾਂ ਦਾ ਤਜ਼ਰਬਾ ਕਰਨ ਵਾਲੇ ਘਰ ਦੇ ਮਾਲਕ ਹੋ ਤਾਂ ਤੁਹਾਡੇ ਘਰ ਤੇ ਕਬਜ਼ੇ ਹੋਣ ਦੇ ਡਰ ਦਾ ਖ਼ਤਰਾ ਹੋਵੇ ਤਾਂ ਮੋਰਗੇਜ ਟੂ ਰੈਂਟ ਸਕੀਮ ਤੁਹਡੀ ਮਦਦ ਦੇ ਸਮਰਥ ਹੋ ਸਕਦੀ ਹੈ ।

ਕਮਿਊਨਿਟੀਜ਼ ਸਕਾਟਲੈਂਡ ਜੋ ਸਕੀਮ ਦਾ ਪ੍ਰਬੰਧ ਕਰਦੀਆਂ ਹਨ, ਹੋ ਸਕਦਾ ਹੈ ਕਿ ਉਹ ਇੱਕ ਸੋਸ਼ਲ ਲੈਂਡਲੋਰਡ (ਜਿਵੇਂ ਕਿ ਹਾਊਜ਼ਿੰਗ ਐਸੋਸਿਏਸ਼ਨ ਜਾਂ ਸਥਾਨਕ ਅਧਿਕਾਰ) ਦੇ ਪ੍ਰਬੰਧ ਕਰਨ ਦੇ ਸਮਰਥ ਹੋ ਸਕਨ । ਤਾਕਿ ਉਹ ਤੁਹਾਡਾ ਘਰ ਖਰੀਦ ਸਕਨ ਅਤੇ ਤੁਸੀਂ ਉੱਥੇ ਕਿਰਾਏਦਾਰ ਵਜੋਂ ਰਹਿ ਸਕੋ । ਜਿੱਥੇ ਤੁਸੀਂ ਆਪਣੇ ਸੋਸ਼ਲ ਲੈਂਡਲੋਰਡ ਨੂੰ ਕਿਰਾਇਆ ਅਦਾ ਕਰ ਸਕੋ ।

ਜੇਕਰ ਤੁਹਾਡੇ ਹੇਠ ਲਿਖੇ ਪ੍ਰਸ਼ਨਾਂ ਦੇ ਜਵਾਬ ਹਾਂ ਹਨ, ਤਾਂ ਤੁਸੀਂ ਮਦਦ ਵਾਸਤੇ ਸਕੀਮ ਨੂੰ ਅਰਜ਼ੀ ਦੇ ਸਕਦੇ ਹੋ:

- ਕੀ ਤੁਸੀਂ ਆਪਣੇ ਸਾਰੇ ਵਿੱਤ ਹਾਲ਼ਾਤਾਂ ਬਾਰੇ ਸਲਾਹ ਲਈ ਹੈ?
- ਕੀ ਤੁਹਾਡਾ ਘਰ ਕਬਜ਼ੇ ਦੇ ਖ਼ਤਰੇ ਵਿਚ ਹੈ? (ਇਹ ਅਜਿਹਾ ਹੈ ਕਿ ਜੇਕਰ ਤੁਸੀਂ ਆਪਣੇ ਖਿਲਾਫ਼ ਕਾਨੂੰਨੀ ਕਾਰਵਾਈ ਦਾ ਪ੍ਰਕਟਾਵਾ ਕੀਤਾ ਹੈ ਜਾਂ ਕੀ ਤੁਹਾਡੇ ਦੇਣਦਾਰ ਨੇ ਤੁਹਾਡੀ ਅਰਜ਼ੀ ਨੂੰ ਸਕੀਮ ਰਾਹੀਂ ਅਗ੍ਹਾਂ ਵੱਧਣ ਵਾਸਤੇ ਕਾਨੂੰਨੀ ਕ੍ਰਿਆ ਰੋਕ ਦੇਣ ਦੀ ਮੰਜ਼ੂਰੀ ਦਿੱਤੀ ਹੈ ?
- ਕੀ ਜਾਇਦਾਦ ਦੇ ਸਾਰੇ ਮਾਲਕ ਮੋਰਗੇਜ ਟੂ ਰੈਂਟ ਵਾਸਤੇ ਵਿਚਾਰੇ ਜਾਣ ਵਾਸਤੇ ਮੰਜ਼ੂਰੀ ਦਿੰਦੇ ਹਨ ?
- ਕੀ ਅਜਿਹਾ ਕੋਈ ਕਾਰਣ ਹੈ ਕਿ ਤੁਹਾਡਾ ਘਰ ਸਥਾਨਕ ਖੇਤਰ ਵਿਚ ਹੀ ਹੋਣਾ ਚਾਹੀਦਾ ਹੈ ?
- ਕੀ ਤੁਸੀਂ ਆਪਣਾ ਘਰ ਵੇਚਣ ਅਤੇ ਸਥਾਨਕ ਤੌਰ ਤੇ ਸਸਤਾ ਖਰੀਦਣ ਵਾਸਤੇ ਅਸਮਰਥ ਹੋ ?

ਤੁਸੀਂ ਸਕੀਮ ਦੇ ਅਧੀਨ ਆਮਤੌਰ ਤੇ ਮਦਦ ਵਾਸਤੇ ਹੱਕਦਾਰ ਨਹੀਂ ਹੋਵੋਗੇ ਜੇਕਰ:

- ਤੁਹਾਡੀ ਉਮਰ 60 ਸਾਲ ਤੋਂ ਘੱਟ ਹੈ ਅਤੇ ਤੁਹਾਡੇ ਅਤੇ ਤੁਹਾਡੇ ਸਾਥੀ ਕੋਲ ਧੰਨ ਦੀ ਰਕਮ £8,000 ਨਾਲੋਂ ਜ਼ਿਆਦਾ ਹੈ । (ਜੇਕਰ ਤੁਸੀਂ 60 ਸਾਲ਼ ਤੋਂ ਉੱਤੇ ਹੋ ਤਾਂ £12,000)
- ਜੇਕਰ ਤੁਸੀਂ 12 ਮਹੀਨਿਆਂ ਤੋਂ ਥੋੜਾ ਸਮਾਂ ਵਾਸਤੇ ਥਾਂ ਵਿਚ ਰਹੇ ਹੋ ।
- ਤੁਹਾਡੇ ਮਕਾਨ ਦੀ ਕੀਮਤ ਤੁਹਾਡੇ ਲੋਕਲ ਅਥੌਰਿਟੀ ਦੇ ਖੇਤਰ ਦੇ ਔਸਤ ਰਿਹਾਇਸ਼ ਨਾਲੋਂ ਜ਼ਿਆਦਾ ਹੈ।
- ਤੁਹਾਡੀ ਰਿਹਾਇਸ਼ ਨੂੰ £6,000 ਤੋਂ ਜ਼ਿਆਦਾ ਦੀਆਂ ਮੁਰੱਮਤਾਂ ਦੀ ਲੋੜ ਹੈ ।

ਹੱਕਦਾਰ ਹੋਣ ਦੀ ਸ਼ਰਤਾਂ ਬਾਰੇ ਜ਼ਿਆਦਾ ਜਾਣਕਾਰੀ ਵਾਸਤੇ ਹੈਲਪਲਾਈਨ ਨੂੰ ਇਸ ਨੰਬਰ 0845 279 9999 ਤੇ ਅਤੇ ਉਨ੍ਹਾਂ ਏਜੰਸੀਆਂ ਨੂੰ ਜੋ ਤੁਹਾਨੂੰ ਦੱਸ ਸਕਦੀਆਂ ਹਨ ਕਿ ਜੇਕਰ ਮੋਰਗੇਜ ਟੂ ਰੈਜ਼ਟ ਤੁਹਾਡੀ ਹਾਲਤ ਵਾਸਤੇ ਸਹੀ ਹੈ ਜਾਂ ਨਹੀਂ ਜਾਂ mortgagetorent@ communitiesscotland.gsi.gov.uk ਤੇ ਈ – ਮੇਲ ਕਰੋ ।

**EDINBURGH**

Trust HA
12 New Mart Road
Edinburgh EH14 1RL
Tel 0131 444 1200
www.trustha.org.uk

Hanover (Scotland) HA
95 McDonald Road
Edinburgh EH7 4NS
Tel 0131 557 0598
www.hsha.org.uk

Bield HA
79 Hopetoun Street
Edinburgh EH7 4QF
Tel 0131 273 4000
www.bield.co.uk

**GLASGOW**

Trust HA
25 Park Circus
Glasgow G3 6AP
Tel 0141 341 3200
www.trustha.org.uk

Hanover (Scotland) HA
5 Newton Place
Glasgow G3 7PR
Tel 0141 353 1353
www.hsha.org.uk

Bield HA
12 Somerset Place
Glasgow G3 7JT
Tel 0141 270 7200
www.bield.co.uk

## ਸਾਨੂੰ ਤਾਂਘ ਨਾਲ ਉਡੀਕ ਹੈ...

60 ਤੋਂ ਜ਼ਿਆਦਾ ਉਮਰ ਦੇ ਲੋਕਾਂ ਵਾਸਤੇ ਫ਼ਾਇਦਿਆਂ ਦੀ ਅਸਾਨ ਪੁਸਤਕ ਦੀ ਸ਼ੁਰੂਆਤ । ਅਸੀਂ ਪੈਂਸ਼ਨ ਬੈਨਿਫ਼ਿੱਟ ਆਊਟਰੀਚ ਪ੍ਰਾਜੈਕਟ ਦੀ ਕਾਮਯਾਬੀ ਵਾਸਤੇ ਜਸ਼ਨ ਮਨਾਉਣ ਦੀ ਆਸ ਕਰਦੇ ਹਾਂ ਅਤੇ ਇਸ ਸਾਲ ਦੇ ਬਾਅਦ ਵਿਚ ਸੂਚਨਾ ਪੁਸਤਕ ਦੀ ਸ਼ੁਰੂਆਤ ਕਰਨ ਦੀ ਆਸ ਕਰਦੇ ਹਾਂ । ਅਸੀਂ ਤੁਹਾਨੂੰ ਜਾਣਕਾਰੀ ਦਿੰਦੇ ਰਹਾਂਗੇ ।

## ਸ਼ੈਲਟਰਡ ਹਾਊਜ਼ਿੰਗ ਦੀ ਨੀਤੀ ਦਾ ਪੁਨਰਨਿਰੀਣ– ਦ ਸਿਟੀ ਆਫ਼ ਐਡਿਨਬਰਾ ਕਾਊਂਸਲ

ਪੁਨਰਨਿਰੀਖਣ ਦੀਆਂ ਅੰਤਮ ਰਿਪੋਰਟਾਂ ਇਸ ਸਾਲ ਦੇ ਅਖ਼ੀਰ ਵਿਚ ਛਾਪੀਆਂ ਜਾਣਗੀਆਂ । ਪੁਨਰਨਿਰੀਖਣ ਦੇ ਉਦੇਸ਼ਾਂ ਵਾਸਤੇ ਸੁਰੱਖਿਆ ਰਿਹਾਇਸ਼ ਦੇ ਭਵਿੱਖ ਲਈ ਯੋਜਨਾ ਕਾਰਜਨੀਤੀਆਂ ਪ੍ਰਤੀ, ਵਰਤਮਾਨ ਅਤੇ ਸੰਭਾਵੀ ਵਿਰਾਏਦਾਰਾਂ ਦੇ ਵਿਚਾਰ ਪ੍ਰਾਪਤ ਕੀਤੇ ਗਏ ਹਨ।

ਇਹ ਰਿਪੋਰਟ ਕਾਲ਼ੇ ਅਤੇ ਘੱਟ ਗਿਣਤੀ ਨਸਲੀ ਭਾਈਚਾਰੇ ਦੇ ਬਜ਼ੁਰਗ ਲੋਕਾਂ ਦੀਆਂ ਲੋੜਾਂ ਅਤੇ ਆਸਾਂ ਨੂੰ ਉਜਾਗਰ ਕਰਦੀ ਹੈ ।

## ਸਰਜਰੀਆਂ/ਜਾਣਕਾਰੀ

ਕੀ ਤੁਹਾਡੀ ਉਮਰ 60 ਸਾਲ ਤੋਂ ਉੱਤੇ ਹੈ ਅਤੇ ਬਜ਼ੁਰਗ ਲੋਕਾਂ ਵਾਸਤੇ ਘਰ ਸੰਬੰਧੀ ਸਲਾਹ ਲੈਣਾ ਪਸੰਦ ਕਰੋਗੇ ਅਤੇ ਜਾਂ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਫ਼ਾਇਦਿਆਂ ਦੀ ਜਾਂਚ ਕੀਤੀ ਜਾਵੇ । ਦਿੱਤੀ ਜਾਣ ਵਾਲੀ ਸਲਾਹ ਗੁੱਪਤ ਹੋਵੇਗੀ, ਤੁਹਾਡੀ ਭਾਸ਼ਾ ਵਿਚ ਅਤੇ ਜਿਹੜੀ ਥਾਂ ਤੁਹਾਡੇ ਲਈ ਸੌਖੀ ਹੋਵੇ ਉੱਥੇ ਦਿੱਤੀ ਜਾਵੇਗੀ ।

ਮੁਲਾਕਾਤ ਦਾ ਸਮਾਂ ਬਨਾਉਣ ਵਾਸਤੇ ਕਿਰਪਾ ਕਰ ਰੋਹਿਣੀ ਸ਼ਰਮਾ ਜਾਂ **ਜੋਸ਼ੀ** ਆਇਸ਼ਾ ਨਦੀਮ ਨੂੰ ਇਸ ਨੰਬਰ 0131 444 1200 ਤੇ ਫ਼ੋਨ ਕਰੋ ਜਾ rsharma@trustha.org.uk ਜਾਂ anadeem@ trustha.org.uk ਤੇ ਈ–ਮੇਲ ਕਰੋ।

ਇਹ ਸਮਾਚਾਰ–ਪੱਤਰ, ਟ੍ਰਸਟ, ਹੈਨੋਵਰ (ਸਕਾਟਲੈਂਡ) ਅਤੇ ਬੀਲਡ ਹਾਉਸਿੰਗ ਐਸੋਸਿਏਸ਼ਨਾਂ ਦੁਆਰਾ ਇੱਕ ਸਾਂਝਾ ਪ੍ਰਕਾਸ਼ਨ ਹੈ । ਪਿਛਲੇ ਵਿਸ਼ੇ www.Equalityscotland.com ਤੇ ਵੇਖੇ ਜਾ ਸਕਦੇ ਹਨ । ਜੇਕਰ ਤੁਸੀਂ ਕੋਈ ਟਿੱਪਣੀ ਜਾਂ ਸੁਝਾਅ ਦੇਣਾ ਚਾਹੋ ਜਾਂ ਤੁਸੀਂ ਚਾਹੋ ਕਿ ਤੁਹਾਡਾ ਜਲਸਾ ਜਾਂ ਪ੍ਰਾਜੈਕਟ ਨੂੰ ਪ੍ਰਕਾਸ਼ਨ ਵਾਸਤੇ ਵਿਚਾਰਿਆ ਜਾਵੇ ਤਾਂ ਕਿਰਪਾ ਕਰ ਸੰਪਰਕ ਕਰੋ:

**Rohini Sharma Joshi** ਰੋਹਿਣੀ ਸ਼ਰਮਾ ਜੋਸ਼ੀ (ਹਾਉਜ਼ਿਗ ਈਕਵੈਲਿਟੀਜ਼ ਮੈਨੇਜਰ)
**12 New Mart Road, Edinburgh EH14 1RL**
ਟੈਲੀਫ਼ੋਨ: **0131 444 1200** ਫ਼ੈਕਸ: **0131 444 4949**
**rsharma@trustha.org.uk**

**www.EqualityScotland.com**